ਸਥਾਨਕ ਬੱਸ ਅੱਡੇ ਦੇ ਨੇੜੇ ਅਤੇ ਰਾਮ ਬਾਗ਼ ਵਿਖੇ ਲੱਗੇ ਕੂੜੇ ਦੇ ਢੇਰ। ਤਸਵੀਰਾਂ : ਹਰਜੀਤ ਸਿੰਘ

ਵਾਅਦਿਆਂ ਦੇ ਬਾਵਜੂਦ ਨਹੀਂ ਸੁਧਰੀ ਕੂੜੇ ਦੀ ਚੁਕਾਈ

ਲੋਕਾਂ ਦੇ ਘਰਾਂ ਤੋਂ ਗਲੀਆਂ, ਮੁਹੱਲਿਆਂ ਅਤੇ ਚੌਕਾਂ 'ਚ ਲੱਗ ਰਹੇ ਵੱਡੇ ਢੇਰ

ਸ਼ਹਿਰ ਵਾਸੀਆਂ ਨੂੰ ਅਜੇ ਹੋਰ ਸਮਾਂ ਲੜਨਾ ਪਵੇਗਾ ਕੂੜਾ ਸਮੱਸਿਆ ਦੇ ਨਾਲ

ਵਿਸ਼ੇਸ਼ ਸਟੋਰੀ

ਅੰਮ੍ਰਿਤਸਰ, 27 ਨਵੰਬਰ (ਹਰਮਿੰਦਰ ਸਿੰਘ)-ਧਾਰਮਿਕ ਅਤੇ ਇਤਿਹਾਸਕ ਨਗਰੀ ਅੰਮ੍ਰਿਤਸਰ ਜੋ ਸਮਾਰਟ ਸਿਟੀ ਦੀ ਸੂਚੀ ਵਾਲੇ ਸ਼ਹਿਰਾਂ ਵਿਚ ਦਰਜ ਹੈ। ਪਰ ਇਹ ਨਗਰੀ ਸਿਰਫ਼ ਅੱਖਰਾਂ ਦੇ ਵਿਚ ਹੀ ਸਮਾਰਟ ਸਿਟੀ ਹੈ ਜਦੋਂ ਕਿ ਇਸ ਨਗਰੀ ਦੀ ਅਸਲ ਤਸਵੀਰ ਕੁਝ ਹੋਰ ਬਿਆਨ ਹੋ ਰਹੀ ਹੈ। ਲੋਕਾਂ ਦੇ ਘਰਾਂ ਤੋਂ ਲੈ ਕੇ ਗਲੀਆਂ ਮੁਹੱਲਿਆਂ, ਚੌਕਾਂ ਚੁਰਾਹਿਆਂ, ਸੜਕਾਂ 'ਤੇ ਕੂੜੇ ਦੇ ਲੱਗੇ ਢੇਰ ਸ਼ਹਿਰ ਦੀ ਅਸਲ ਦਿੱਖ ਨੂੰ ਵੀ ਵਿਗਾੜ ਰਹੇ ਹਨ। ਕਈ ਮਹੀਨਿਆਂ ਤੋਂ ਸਥਾਨਕ ਲੋਕ ਕੂੜੇ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ, ਸਿਆਸੀ ਲੋਕਾਂ ਅਤੇ ਨਿਗਮ ਅਧਿਕਾਰੀਆਂ ਵਲੋਂ ਵਾਅਦੇ ਕੀਤਾ ਜਾ ਰਿਹਾ ਸੀ ਨਵੰਬਰ ਅੱਧ ਤੱਕ ਕੂੜੇ ਦੀ ਸਮੱਸਿਆ ਤੋਂ ਕਾਫੀ ਰਾਹਤ ਮਿਲੇਗੀ ਪਰ ਇਹ ਸਾਰੇ ਵਾਅਦੇ ਵਫ਼ਾ ਨਹੀਂ ਹੋਏ।

ਅੰਮ੍ਰਿਤਸਰ ਸ਼ਹਿਰ 'ਚ 85 ਵਾਰਡਾਂ ਹਨ ਇਨ੍ਹਾਂ ਵਾਰਡਾਂ 'ਚੋਂ ਕੂੜੇ ਦੀ ਚੁਕਾਈ ਦਾ ਕੰਮ ਦਾ ਹਾਲ ਹੀ ਵਿਚ ਇਕ ਨਿੱਜੀ ਕੰਪਨੀ ਨੂੰ ਸੌਂਪਿਆ ਹੈ। ਜਿਸ ਨੂੰ ਵਰਕ ਆਰਡਰ 6 ਅਕਤੂਬਰ ਨੂੰ ਦਿੱਤਾ ਗਿਆ ਹੈ। ਆਰ. ਐੱਫ. ਟੀ. ਅਨੁਸਾਰ ਇਸ ਕੰਪਨੀ ਕੋਲ ਆਪਣਾ ਕੰਮ ਸ਼ੁਰੂ ਕਰਨ ਲਈ ਤਿੰਨ ਮਹੀਨੇ ਦਾ ਸਮਾਂ ਮਿਲਿਆ ਹੈ। ਇਹ ਕੰਪਨੀ ਵਰਕਆਰਡਰ ਮਿਲਣ ਤੋਂ ਬਾਅਦ ਤਿੰਨ ਮਹੀਨੇ 'ਚ ਆਪਣੀ ਮਸ਼ੀਨਰੀ ਕੰਮ 'ਤੇ ਲਗਾਏਗੀ। ਇਹ ਸਮਾਂ ਹੱਦ 6 ਜਨਵਰੀ ਤੱਕ ਹੈ। ਸਿਆਸੀ ਤੌਰ 'ਤੇ ਨਿਗਮ ਅਧਿਕਾਰੀਆਂ ਵਲੋਂ ਅਪਣੇ ਪੱਧਰ 'ਤੇ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ 15 ਨਵੰਬਰ ਤੱਕ ਉਕਤ ਕੰਪਨੀ ਵਲੋਂ ਆਪਣੀ ਅੱਧੀ ਮਸ਼ੀਨਰੀ ਲਗਾ ਕੰਮ 'ਤੇ ਲਗਾ ਦਿੱਤੀ ਜਾਵੇ ਅਤੇ ਬਾਕੀ ਦਸੰਬਰ ਦੇ ਅੱਧ ਤੋਂ ਬਾਅਦ ਘਰ-ਘਰ 'ਚੋਂ ਕੂੜਾ ਚੁਕਣ ਸਮੇਤ ਸੜਕਾਂ, ਗਲੀਆਂ ਮੁਹੱਲਿਆਂ ਤੋਂ ਕੂੜਾ ਚੁਕਣ ਦਾ ਕੰਮ ਪੂਰੀ ਤਰ੍ਹਾਂ ਚਾਲੂ ਹੋ ਜਾਵੇਗਾ। ਉਕਤ ਕੰਪਨੀ ਵਲੋਂ ਅਜੇ ਪੁਰਾਣੇ ਸ਼ਹਿਰ ਦੇ ਅੰਦਰ ਹੀ ਸਿਰਫ਼ 19 ਗੱਡੀਆਂ ਕੂੜਾ ਚੁਕਣ ਲਈ ਲਗਾਈਆਂ ਹਨ ਜੋ ਆਟੇ 'ਚ ਲੂਣ ਦੇ ਬਰਾਬਰ ਹਨ। ਜਦੋਂ ਕਿ ਪੂਰੇ ਸ਼ਹਿਰ ਨੂੰ ਅਜੇ ਘਰ-ਘਰ ਤੋਂ ਕੂੜਾ ਚੁਕਣ ਤੋਂ ਲੈ ਕੇ ਗਲੀਆਂ, ਮੁਹੱਲਿਆਂ 'ਚੋਂ ਕੂੜਾ ਚੁਕਣ ਲਈ ਬਹੁਤ ਸਾਰੀ ਮਸ਼ੀਨਰੀ ਦੀ ਅਜੇ ਲੋੜ ਹੈ। ਜਿਸ ਕਾਰਨ ਸ਼ਹਿਰ 'ਚ ਅਜੇ ਵੀ ਕੂੜੇ ਦੇ ਢੇਰ ਆਮ ਲੱਗ ਰਹੇ ਹਨ ਅਤੇ ਅਜੇ ਹੋਰ ਸਮਾਂ ਸ਼ਹਿਰ ਦੇ ਲੋਕਾਂ ਨੂੰ ਕੂੜਾ ਸਮੱਸਿਆ ਨਾਲ ਲੜਨਾ ਪੈ ਸਕਦਾ ਹੈ। ਇਸ ਸੰਬੰਧ ਵਿਚ ਸਿਹਤ ਅਫ਼ਸਰ ਡਾ: ਕਿਰਨ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਸ਼ਹਿਰ ਵਿਚੋਂ ਕੂੜਾ ਚੁਕਣ ਲਈ ਇਸ ਵੇਲੇ 100 ਤੋਂ ਵਧੇਰੇ ਟਰਾਲੀਆਂ ਚਲ ਰਹੀਆਂ ਹਨ ਜਿਸ ਦੀ ਨਿਗਰਾਨੀ ਕੰਪਨੀ ਵਲੋਂ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਕੰਪਨੀ ਵਲੋਂ ਜੋ 19 ਗੱਡੀਆਂ ਪੁਰਾਣੇ ਸ਼ਹਿਰ 'ਚ ਦਿੱਤੀਆਂ ਹਨ, ਉਹ ਵਿਰਾਸਤੀ ਮਾਰਗ ਅਤੇ ਗਲਿਆਰਾ ਖੇਤਰ ਵਿਚ 'ਚ ਸਫ਼ਾਈ ਲਈ ਲਗਾਈਆਂ ਹਨ।

ਡਿਪਟੀ ਕਮਿਸ਼ਨਰ ਵਲੋਂ ਖ਼ਰਾਬ ਲਾਈਟਾਂ ਬਦਲਣ ਅਤੇ ਰਿਫਲੈਕਟਰ ਲਗਾਉਣ ਦੀ ਹਦਾਇਤ

ਅੰਮ੍ਰਿਤਸਰ, 27 ਨਵੰਬਰ (ਗਗਨਦੀਪ ਸ਼ਰਮਾ)-ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵਲੋਂ ਸੜਕ ਸੁਰੱਖਿਆ ਕਮੇਟੀ ਨਾਲ ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਧੁੰਦ ਦੇ ਮੌਸਮ ਨੂੰ ਵੇਖਦੇ ਹੋਏ ਸੜਕਾਂ 'ਤੇ ਲੱਗੀਆਂ ਖਰਾਬ ਹੋਈਆਂ ਸਟਰੀਟ ਲਾਈਟਾਂ ਬਦਲਣ, ਸੜਕਾਂ 'ਤੇ ਸਫ਼ੇਦ ਲਗਾਉਣ, ਪੱਟੀ ਵੱਧ ਤੋਂ ਵੱਧ ਰਿਫਲੈਕਟਰ ਲਗਾਉਣ ਦੇ ਨਾਲ-ਨਾਲ ਆਵਾਰਾ ਪਸ਼ੂਆਂ ਦੇ ਗਲੇ 'ਚ ਰਿਫਲੈਕਟਰ ਟੈਗ ਪਾਉਣ ਦੀ ਹਦਾਇਤ ਕੀਤੀ ਗਈ। ਇਸ ਤੋਂ ਇਲਾਵਾ ਸ਼ਹਿਰ ਵਿਚ ਲੋੜ ਅਨੁਸਾਰ ਸਪੀਡ ਬਰੇਕਰ ਬਣਾਉਣ, ਵੱਧ ਰਹੀ ਟਰੈਫਿਕ ਨੂੰ ਧਿਆਨ ਵਿਚ ਰੱਖਦੇ ਹੋਏ ਨਿਗਮ ਅਧਿਕਾਰੀਆਂ ਨੂੰ ਲੋਕਾਂ ਲਈ ਪਾਰਕਿੰਗ ਅਤੇ ਵੱਧ ਸਥਾਨ ਉਪਲਬਧ ਕਰਵਾਉਣ ਲਈ ਵੀ ਕਿਹਾ। ਉਨ੍ਹਾਂ ਨੈਸ਼ਨਲ ਹਾਈਵੇ, ਲੋਕ ਨਿਰਮਾਣ ਵਿਭਾਗ, ਮੰਡੀ ਬੋਰਡ ਅਤੇ ਨਿਗਮ ਅਧਿਕਾਰੀਆਂ ਨੂੰ ਕਿਹਾ ਕਿ ਉਹ ਆਪੋ ਆਪਣੇ ਅਧਿਕਾਰ ਖੇਤਰ ਵਿਚ ਪੈਂਦੀਆਂ ਸੜਕਾਂ 'ਤੇ ਮੌਸਮ ਦੀ ਲੋੜ ਅਨੁਸਾਰ ਢੁਕਵੇਂ ਪ੍ਰਬੰਧ ਯਕੀਨੀ ਬਣਾਉਣ। ਉਨ੍ਹਾਂ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣ ਕਿ ਸੜਕਾਂ 'ਤੇ ਰੁੱਖਾਂ ਦੀਆਂ ਟਾਹਣੀਆਂ ਜਾਂ ਕੋਈ ਹੋਰ ਵੱਡਾ ਰੁੱਖ ਡਿੱਗਣ ਵਾਲਾ ਨਾ ਹੋਵੇ। ਸੜਕਾਂ ਦੇ ਕਿਨਾਰਿਆਂ 'ਤੇ ਪੈਂਦਿਆਂ ਦੀ ਛਟਾਈ ਕੀਤੀ ਜਾਵੇ ਤਾਂ ਜੋ ਸੜਕ 'ਤੇ ਹੋਣ ਵਾਲੇ ਹਾਦਸਿਆਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਆਮ ਵੇਖਣ ਵਿਚ ਆਇਆ ਹੈ ਕਿ ਕੁਝ ਡਰਾਈਵਰ ਆਪਣੀਆਂ ਗੱਡੀਆਂ ਜੀ. ਟੀ. ਰੋਡ 'ਤੇ ਖੜ੍ਹੀਆਂ ਕਰ ਦਿੰਦੇ ਹਨ, ਜਿਸ ਨਾਲ ਹਾਦਸੇ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਨ੍ਹਾਂ ਗੱਡੀਆਂ ਖਿਲਾਫ਼ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇ। ਡਿਪਟੀ ਕਮਿਸ਼ਨਰ ਨੇ ਨੈਸ਼ਨਲ ਹਾਈਵੇ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਰਵਿਸ ਸੜਕਾਂ ਦੀ ਮੁਰੰਮਤ ਯਕੀਨੀ ਬਣਾਈ ਜਾਵੇ ਅਤੇ ਸਪੀਡ ਬ੍ਰੇਕਰ ਵੀ ਬਣਾਏ ਜਾਣ। ਜਿਸ 'ਤੇ ਨੈਸ਼ਨਲ ਹਾਈਵੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਵਲੋਂ ਜੰਗੀ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ ਅਤੇ ਸਰਵਿਸ ਸੜਕਾਂ ਦੇ ਨਾਲ-ਨਾਲ ਗੱਡੀਆਂ 'ਤੇ ਰਿਫਲੈਕਟਰ ਵੀ ਲਗਾਏ ਜਾ ਰਹੇ ਹਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ, ਰੀਜ਼ਨਲ ਟਰਾਂਸਪੋਰਟ ਸਕੱਤਰ ਖੁਸ਼ਦਿਲ ਸਿੰਘ, ਈ. ਓ. ਟਰੱਸਟ ਸੁਰਿੰਦਰ ਕੁਮਾਰੀ, ਨੈਸ਼ਨਲ ਹਾਈਵੇ ਤੋਂ ਯੋਗੇਸ਼ ਯਾਦਵ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਸੜਕ ਸੁਰੱਖਿਆ ਬਾਰੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ। ਅਜੀਤ ਤਸਵੀਰ

ਪਾਕਿ ਨੇ ਅਫ਼ਗਾਨਿਸਤਾਨ 'ਤੇ ਹਮਲਾ ਨਹੀਂ ਕੀਤਾ-ਲੈਫ਼ਟੀਨੈਂਟ ਜਨਰਲ ਚੌਧਰੀ

ਤਾਲਿਬਾਨ ਦੀਆਂ ਫ਼ੌਜੀ ਤਿਆਰੀਆਂ ਦੌਰਾਨ ਪਾਕਿ ਨੇ ਦਿੱਤੀ ਸਫ਼ਾਈ

ਅੰਮ੍ਰਿਤਸਰ, 27 ਨਵੰਬਰ (ਸੁਰਿੰਦਰ ਕੋਛੜ)-ਅਫ਼ਗਾਨਿਸਤਾਨ ਦੇ ਪਕਤਿਕਾ, ਕੁਨਾਰ ਅਤੇ ਖੋਸਤ ਪ੍ਰਾਂਤਾਂ ਦੇ ਰਿਹਾਇਸ਼ੀ ਇਲਾਕਿਆਂ 'ਤੇ ਪਾਕਿਸਤਾਨ ਫ਼ੌਜ ਵਲੋਂ ਅੱਧੀ ਰਾਤ ਨੂੰ ਕੀਤੇ ਗਏ ਹਵਾਈ ਹਮਲਿਆਂ ਤੋਂ ਬਾਅਦ ਹੁਣ ਪਾਕਿਸਤਾਨੀ ਫ਼ੌਜ ਦੇ ਮੀਡੀਆ ਵਿੰਗ ਇੰਟਰ-ਸਰਵਿਸਿਜ਼ ਪਬਲਿਕ ਰਿਲੇਸ਼ਨਜ਼ (ਆਈ. ਐੱਸ. ਪੀ. ਆਰ.) ਦੇ ਡਾਇਰੈਕਟਰ ਜਨਰਲ ਲੈਫ਼ਟੀਨੈਂਟ ਜਨਰਲ ਅਹਿਮਦ ਸ਼ਰੀਫ਼ ਚੌਧਰੀ ਨੇ ਸਫ਼ਾਈ ਦਿੰਦਿਆਂ ਕਿਹਾ ਕਿ ਪਾਕਿ ਨੇ ਅਫ਼ਗਾਨਿਸਤਾਨ 'ਤੇ ਹਮਲਾ ਨਹੀਂ ਕੀਤਾ। ਇਸ ਦੇ ਬਾਅਦ ਉਨ੍ਹਾਂ ਇਕ ਹੋਰ ਵੱਡਾ ਝੂਠ ਬੋਲਦਿਆਂ ਕਿਹਾ ਕਿ ਪਾਕਿਸਾਨ ਜਦੋਂ ਵੀ ਕੋਈ ਕਾਰਵਾਈ ਕਰਦਾ ਹੈ ਤਾਂ ਉਸ ਤੋਂ ਪਹਿਲਾਂ ਹਮੇਸ਼ਾ ਰਸਮੀ ਐਲਾਨ ਕਰਦਾ ਹੈ। ਅਫ਼ਗਾਨ ਤਾਲਿਬਾਨ ਵਲੋਂ ਆਪਣੀਆਂ ਫਰੰਟਲਾਈਨ ਚੌਕੀਆਂ 'ਤੇ ਭਾਰੀ ਤੋਪਖ਼ਾਨਾ ਤਾਇਨਾਤ ਕੀਤੇ ਜਾਣ ਅਤੇ ਡੂਰੰਡ ਲਾਈਨ 'ਤੇ ਫ਼ੌਜਾਂ ਦੀ ਆਵਾਜਾਈ ਵਧਣ ਦੀਆਂ ਰਿਪੋਰਟਾਂ ਤੋਂ ਬਾਅਦ ਆਈ. ਐੱਸ. ਪੀ. ਆਰ. ਵਲੋਂ ਕੀਤੀ ਗਈ ਇਸ ਪ੍ਰੈੱਸ ਕਾਨਫ਼ਰੰਸ ਦੌਰਾਨ ਲੈਫ਼ਟੀਨੈਂਟ ਜਨਰਲ ਚੌਧਰੀ ਨੇ ਦਾਅਵਾ ਕੀਤਾ ਕਿ ਪਾਕਿ ਦੀ ਨੀਤੀ ਅੱਤਵਾਦ ਵਿਰੁੱਧ ਕੇਂਦਰਿਤ ਹੈ, ਅਫ਼ਗਾਨ ਲੋਕਾਂ ਵਿਰੁੱਧ ਨਹੀਂ। ਉਨ੍ਹਾਂ ਪੱਤਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਸਾਬਕਾ ਆਈ. ਐੱਸ. ਆਈ. ਮੁਖੀ ਫ਼ੈਜ਼ ਹਮੀਦ ਦੇ ਕੋਰਟ ਮਾਰਸ਼ਲ ਬਾਰੇ ਕਿਆਸ-ਆਰਾਈਆਂ ਤੋਂ ਬਚਣ। ਉਨ੍ਹਾਂ ਇਸ ਨੂੰ ਇਕ ਕਾਨੂੰਨੀ ਅਤੇ ਨਿਆਇਕ ਪ੍ਰਕਿਰਿਆ ਦੱਸਿਆ। ਉਨ੍ਹਾਂ ਅੱਗੇ ਕਿਹਾ ਕਿ ਸਰਹੱਦ ਪਾਰ ਤੋਂ ਅੱਤਵਾਦ ਲਈ ਸਮਰਥਨ ਕੇਂਦਰੀ ਮੁੱਦਾ ਬਣਿਆ ਹੋਇਆ ਹੈ ਅਤੇ ਨਾਲ ਹੀ ਪਾਕਿ-ਅਫ਼ਗਾਨ ਸਰਹੱਦ 'ਤੇ ਤਸਕਰੀ ਅਤੇ ਰਾਜਨੀਤਿਕ ਅਪਰਾਧ ਦੇ ਗੱਠਜੋੜ ਨੂੰ ਖ਼ਤਮ ਕਰਨ ਦੀ ਮੰਗ ਕੀਤੀ। ਉਨ੍ਹਾਂ ਅੱਗੇ ਦਾਅਵਾ ਕੀਤਾ ਕਿ ਪਿਛਲੇ 20 ਦਿਨਾਂ 'ਚ 206 ਅੱਤਵਾਦੀ ਮਾਰੇ ਗਏ ਹਨ ਅਤੇ ਇਹ ਸਾਰੇ ਆਤਮਘਾਤੀ ਹਮਲਾਵਰ ਅਫ਼ਗਾਨ ਨਾਗਰਿਕ ਸਨ।

ਅਹਿਮਦ ਸ਼ਰੀਫ਼ ਚੌਧਰੀ

ਅੰਮ੍ਰਿਤਸਰ ਵਿਕਾਸ ਮੰਚ ਵਲੋਂ ਸੈਮੀਨਾਰ 29 ਨੂੰ: ਪ੍ਰਿੰ: ਅਣਖੀ

ਪ੍ਰਿੰ: ਕੁਲਵੰਤ ਸਿੰਘ ਅਣਖੀ

ਅੰਮ੍ਰਿਤਸਰ, 27 ਨਵੰਬਰ (ਜਸਵੰਤ ਸਿੰਘ ਜੱਸ)-ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਵਲੋਂ ਸ਼੍ਰੀ ਗੁਰੂ ਤੇਗ਼ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੈਮੀਨਾਰ 29 ਨਵੰਬਰ ਨੂੰ ਖ਼ਾਲਸਾ ਕਾਲਜ ਦੇ ਸਿੱਖ ਇਤਿਹਾਸ ਰੀਸਰਚ ਵਿਭਾਗ ਦੇ ਸੈਮੀਨਾਰ ਹਾਲ ਵਿਚ ਕਰਵਾਇਆ ਜਾ ਰਿਹਾ ਹੈ। ਮੰਚ ਦੇ ਸਰਪ੍ਰਸਤ ਪ੍ਰਿੰ: ਕੁਲਵੰਤ ਸਿੰਘ ਅਣਖੀ ਨੇ ਦੱਸਿਆ ਕਿ ਮੰਚ ਦੇ ਸੀਨੀਅਰ ਮੀਤ ਪ੍ਰਧਾਨ ਡਾ. ਇੰਦਰਜੀਤ ਸਿੰਘ ਗੋਗੋਆਣੀ ਦੇ ਉੱਦਮ ਤੇ ਪਹਿਲਕਦਮੀ ਸਦਕਾ 29 ਨਵੰਬਰ ਨੂੰ ਸਵੇਰੇ 11 ਤੋਂ ਦੁਪਹਿਰ 1 ਤੱਕ ਗੁਰੂ ਸਾਹਿਬ ਦੇ ਜੀਵਨ, ਉਨ੍ਹਾਂ ਦੁਆਰਾ ਰਚਿਤ ਗੁਰਬਾਣੀ ਤੇ ਸਿੱਖ ਧਰਮ ਵਿਚ ਸ਼ਹੀਦੀ ਸੰਕਲਪ ਵਿਸ਼ਿਆਂ 'ਤੇ ਕਰਵਾਏ ਜਾ ਰਹੇ ਇਸ ਸੈਮੀਨਾਰ ਦੌਰਾਨ ਮੁੱਖ ਬੁਲਾਰੇ ਖ਼ਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਤੇ ਸਿੱਖ ਪੰਥ ਦੇ ਨਾਮਵਰ ਵਿਦਵਾਨ ਡਾ. ਇੰਦਰਜੀਤ ਸਿੰਘ ਗੋਗੋਆਣੀ ਹੋਣਗੇ।

'ਅਜੀਤ' ਉਪ ਦਫ਼ਤਰ ਦਾ ਪਤਾ ਤੇ ਸੰਪਰਕ ਨੰਬਰ

ਅਜੀਤ/ਅਜੀਤ ਸਮਾਚਾਰ ਹੜ੍ਹ ਰਾਹਤ ਫੰਡ ਵਿਚ ਯੋਗਦਾਨ ਪਾਉਣ ਲਈ ਅਜੀਤ ਪ੍ਰਕਾਸ਼ਨ ਸਮੂਹ ਦੇ ਹੇਠ ਲਿਖੇ ਉਪ-ਦਫ਼ਤਰ ਵਿਚ ਯੋਗਦਾਨ ਰਾਸ਼ੀ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕੀਤੀ ਜਾਵੇ।

ਅੰਮ੍ਰਿਤਸਰ

ਸ. ਜਸਵੰਤ ਸਿੰਘ ਜੱਸ	98558-55751
7, 8 ਏ.ਜੀ.ਏ. ਕਲੱਬ	0183-5010940
ਗਾਂਧੀ ਗਰਾਊਂਡ, ਟੇਲਰ ਰੋਡ	2566263

ਚੀਫ਼ ਖ਼ਾਲਸਾ ਦੀਵਾਨ ਦੀਆਂ ਖੇਡਾਂ ਵਿਚ ਮੱਲਾਂ ਮਾਰਨ ਵਾਲੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਕੂਲ ਅਟਾਰੀ ਦੇ ਬੱਚਿਆਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਿੰਸੀਪਲ ਗੁਰਪ੍ਰੀਤ ਕੌਰ ਰੋਹੇਵਾਲ ਤੇ ਸਕੂਲ ਦਾ ਸਟਾਫ਼। ਤਸਵੀਰ : ਰਾਜਿੰਦਰ ਸਿੰਘ ਰੂਬੀ

ਚੀਫ਼ ਖ਼ਾਲਸਾ ਦੀਵਾਨ ਦੀਆਂ ਖੇਡਾਂ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਅਟਾਰੀ ਨੇ ਮੱਲਾਂ ਮਾਰੀਆਂ

ਅਟਾਰੀ ਸਰਹੱਦ, 27 ਨਵੰਬਰ (ਰਾਜਿੰਦਰ ਸਿੰਘ ਰੂਬੀ)-24ਵੀਆਂ ਚੀਫ਼ ਖ਼ਾਲਸਾ ਦੀਵਾਨ ਖੇਡਾਂ 2025 ਸ੍ਰੀ ਗੁਰੂ ਹਰਿਕ੍ਰਿਸ਼ਨ ਇੰਟਰਨੈਸ਼ਨਲ ਸਕੂਲ ਅੰਮ੍ਰਿਤਸਰ ਵਿਖੇ ਕਰਵਾਈਆਂ ਗਈਆਂ, ਜਿਸ ਵਿਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਅਟਾਰੀ ਦੇ ਵਿਦਿਆਰਥੀਆਂ ਨੇ ਬਹੁਤ ਹੀ ਸ਼ਾਨਦਾਰ ਕਾਰਗੁਜ਼ਾਰੀ ਵਿਖਾਉਂਦਿਆਂ ਆਪਣੇ ਸਕੂਲ ਦਾ ਅਤੇ ਆਪਣੇ ਮਾਪਿਆਂ ਦਾ ਨਾਂ ਇਹ ਇਲਾਕੇ ਭਰ ਵਿਚ ਰੋਸ਼ਨ ਕੀਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਦੀਆਂ ਖੇਡਾਂ ਵਿਚ ਕਰਵਾਏ ਗਏ ਵੱਖ-ਵੱਖ ਖੇਡ ਮੁਕਾਬਲਿਆਂ ਵਿਚ ਗਤਕਾ ਮੁਕਾਬਲੇ ਸਕੂਲ ਦੇ ਵਿਦਿਆਰਥੀਆਂ ਨੇ ਸਿੰਗਲ ਸੋਟੀ ਅੰਡਰ 17 ਮੁਕਾਬਲੇ ਵਿਚ ਦੂਜਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਹਾਸਿਲ ਕੀਤਾ। ਇਸ ਦੌਰਾਨ ਹੀ ਅਟਾਰੀ ਸਕੂਲ ਦੀਆਂ ਕੁੜੀਆਂ ਨੇ ਵਾਲੀਬਾਲ ਅੰਡਰ 17 ਮੁਕਾਬਲੇ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਹਾਸਲ ਕਰ ਸਿਲਵਰ ਮੈਡਲ ਪ੍ਰਾਪਤ ਕੀਤਾ। ਹਾਕੀ ਮੁਕਾਬਲਿਆਂ ਵਿਚ ਸਕੂਲ ਦੀ ਅੰਡਰ 14 ਅਤੇ ਅੰਡਰ 17 ਮੁੰਡਿਆਂ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਸਿਲਵਰ ਮੈਡਲ ਪ੍ਰਾਪਤ ਕੀਤਾ। ਅੰਡਰ 19 ਹਾਕੀ ਟੀਮ ਨੇ ਪਹਿਲਾ ਸਥਾਨ ਹਾਸਿਲ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਗੁਰਪ੍ਰੀਤ ਕੌਰ ਰੋਹਵਾਲ ਨੇ ਖਿਡਾਰੀਆਂ ਵਲੋਂ ਵੱਖ-ਵੱਖ ਖੇਡਾਂ ਵਿਚ ਅਵਲ ਆਉਣ 'ਤੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਟਾਰੀ ਦੀ ਸਟੇਜ 'ਤੇ ਰੱਖੇ ਗਏ ਸਨਮਾਨ ਸਮਾਰੋਹ ਵਿਚ ਨੂੰ ਸਟੇਜ ਉਪਰ ਮੈਡਲ ਪਾ ਕੇ ਸਨਮਾਨਿਤ ਕੀਤਾ ਅਤੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਖਿਡਾਰੀਆਂ ਨੂੰ ਹੋਰ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਦਾ ਸਾਰਾ ਸਟਾਫ ਵੀ ਹਾਜ਼ਰ ਸੀ। ਇਸ ਮੌਕੇ ਬੱਚਿਆਂ ਦੀ ਹੌਸਲਾ ਹਫਜਾਈ ਕਰਦਿਆਂ ਐਡੀਸ਼ਨਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ ਅਤੇ